ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ.306/CC ਮਿਤੀ 29/9/15

11085
SEP 2015

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਸ੍ਰੀ ਪ੍ਰਵੀਨ ਕੁਮਾਰ, ਪਟਵਾਰੀ ਨੂੰ ਸਰਕਾਰ ਦੇ ਪੱਤਰ ਨੰ: 5/30/2014-5ਸਿੰ:ਪ੍ਰੋ:2/486225/1-3, ਮਿਤੀ 15.5.2015 ਰਾਹੀਂ ਹੇਠ ਲਿਖੇ ਦੋਸ਼ਾਂ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-10 ਅਧੀਨ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ :-

ਜਦੋਂ ਆਪ ਬਤੌਰ ਪਟਵਾਰੀ, ਅਬੋਹਰ ਵਿਖੇ ਤੈਨਾਤ ਸੀ ਤਾਂ ਆਪਣੀ ਤੈਨਾਤੀ ਦੌਰਾਨ ਮੋਘਾ ਨੰ: 72790 ਦੋਲਤਪੁਰਾ ਮਾਈਨਰ ਤੇ ਸ੍ਰੀ ਨਰਿੰਦਰ ਸਿੰਘ ਵੱਲੋਂ ਨਜਾਇਜ ਨੱਕਾ ਲੱਗਾ ਲਿਆ ਗਿਆ ਸੀ । ਇਸ ਸਬੰਧ ਵਿੱਚ ਆਪ ਨੂੰ ਪਤਾ ਹੋਣ ਦੇ ਬਾਵਜੂਦ, ਵਿਰੋਧੀ ਧਿਰ ਵੱਲੋਂ ਕੀਤੀ ਗਈ ਸਿਕਾਇਤ ਦਰਜ ਕਰਵਾਉਂਣ ਉਪਰੰਤ ਵੀ ਆਪ ਵੱਲੋਂ ਨਜਾਇਜ ਚੱਲ ਰਹੇ ਨੱਕੇ ਨੂੰ ਬੰਦ ਕਰਵਾਉਂਣ ਲਈ ਜਿਲ੍ਹੇਦਾਰ ਨੂੰ ਰਿਪੋਰਟ ਨਹੀਂ ਕੀਤੀ ਜਿਸ ਕਰਕੇ ਸ੍ਰੀ ਨਰਿੰਦਰ ਸਿੰਘ ਵਿਰੁੱਧ ਪੁਲਿਸ ਪਰਚਾ ਦਰਜ ਕਰਵਾਉਂਣ ਵਿੱਚ ਦੇਰੀ ਹੋਈ ਹੈ ਆਪ ਵੱਲੋਂ ਇੱਕ ਧਿਰ ਨੂੰ ਨਜਾਇਜ ਫਾਇਦਾ ਪਹੁੰਚਾਉਂਦੇ ਹੋਏ ਇਸ ਦੀ ਰਿਪੋਰਟ ਜਿਲ੍ਹੇਦਾਰ ਨੂੰ ਨਹੀਂ ਕੀਤੀ ਗਈ । ਇਸ ਤਰ੍ਹਾਂ ਕਰਕੇ ਆਪ ਨੇ ਆਪਣੇ ਅਹੁੱਦੇ ਦੀ ਦੁਰਵਰਤੋਂ ਕਰਦੇ ਹੋਏ ਇੱਕ ਧਿਰ ਨੂੰ ਲਾਭ ਪਹੁੰਚਾਇਆ ਹੈ।

2. ਇਸ ਸਬੰਧ ਵਿੱਚ ਸ੍ਰੀ ਪ੍ਰਵੀਨ ਕੁਮਾਰ, ਪਟਵਾਰੀ ਵੱਲੋਂ ਕਾਰਨ ਦੱਸੋ ਨੋਟਿਸ ਦਾ ਜਵਾਬ ਮਿਤੀ 29.5.2015 ਨੂੰ ਪੇਸ਼ ਕੀਤਾ ਗਿਆ ਜਿਸ ਨੂੰ ਨਾ ਤਸੱਲੀਬਖਸ਼ ਪਾਏ ਜਾਣ ਕਾਰਨ ਇਸ ਕੇਸ ਤੇ ਫੈਸਲਾ ਲੈਣ ਤੋਂ ਪਹਿਲਾਂ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਸਕੱਤਰ ਸਿੰਚਾਈ ਜੀ ਵੱਲੋਂ ਇਸ ਅਧਿਕਾਰੀ ਨੂੰ ਮਿਤੀ 9.9.2015 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ।

3. ਸ੍ਰੀ ਪ੍ਰਵੀਨ ਕੁਮਾਰ, ਪਟਵਾਰੀ ਵੱਲੋਂ ਨਿੱਜੀ ਸੁਣਵਾਈ ਸਮੇ ਪੇਸ਼ ਕੀਤੀਆਂ ਦਲੀਲਾਂ ਅਤੇ ਕੇਸ ਦੇ ਸਾਰੇ ਪੱਖਾਂ ਨੂੰ ਵਿਚਾਰਨ ਉਪਰੰਤ ਇਹ ਤੱਥ ਸਾਹਮਣੇ ਆਏ ਕਿ ਸ੍ਰੀ ਪ੍ਰਵੀਨ ਕੁਮਾਰ ਪਟਵਾਰੀ ਨੇ ਨਜਾਇਜ ਨੱਕਾ ਬੰਦ ਕਰਵਾਉਂਣ ਸਬੰਧੀ ਕੋਈ ਠੋਸ ਕਦਮ ਨਹੀਂ ਚੁੱਕੇ, ਜਿਸ ਕਾਰਨ ਸ੍ਰੀ ਨਰਿੰਦਰ ਸਿੰਘ ਨਹਿਰੀ ਪਾਣੀ ਨਜਾਇਜ ਤੌਰ ਤੇ ਵਰਤਦਾ ਰਿਹਾ। ਦੇਰੀ ਨਾਲ ਕਾਰਵਾਈ ਕਰਨਾ ਇਸ ਕਰਮਚਾਰੀ ਦੀ ਮੰਦ ਭਾਵਨਾਂ ਦਾ ਸਬੂਤ ਹੈ ਅਤੇ ਇਸ ਵਿਰੁੱਧ ਕਾਰਨ ਦੱਸੋ ਨੋਟਿਸ ਵਿੱਚ ਲਗਾਏ ਗਏ ਸਮੂਹ ਦੋਸ ਸਾਬਤ ਹੁੰਦੇ ਹਨ ।

4. ਇਸ ਲਈ ਸ੍ਰੀ ਪ੍ਰਵੀਨ ਕੁਮਾਰ, ਪਟਵਾਰੀ ਵੱਲੋਂ ਕੀਤੀ ਗਈ ਉਕਤ ਕੁਤਾਹੀ/ਅਣਗਹਿਲੀ ਕਾਰਨ ਇਸ ਕਰਮਚਾਰੀ ਦੀ ਇੱਕ ਸਾਲਾਨਾਂ ਤਰੱਕੀ ਬਿਨ੍ਹਾਂ ਭਵਿੱਖੀ ਅਸਰ ਦੇ ਬੰਦ ਕੀਤੀ ਜਾਂਦੀ ਹੈ।

ਮਿਤੀ,ਚੰਡੀਗੜ੍ਹ:
17-9-2015

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਪਿੱਠ ਅੰਕਣ ਨੰ:5/30/2014-5ਸਿੰ:ਪ੍ਰੋ:2/597535/3 ਮਿਤੀ,ਚੰਡੀਗੜ੍ਹ: 29/9/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।